## RELEASED TITLES



# ਮਿਸ਼ਨ ਪੈਗ਼ਾਮ-ਏ-ਸ਼ਬਦ ਗੁਰੂ

ਮਿਸ਼ਨ ਪੈਗ਼ਾਮ-ਏ-ਸ਼ਬਦ ਗੁਰੂ ਦਾ ਮੰਤਵ ਅਧਿਆਤਮਿਕ ਪਾਂਧੀਆਂ ਨਾਲ ਸਾਂਝ ਵਧਾਉਣਾ ਹੈ ਤਾਂਕਿ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਦੇ ਗੁਹਜ ਅਧਿਆਤਮਿਕ ਭੇਦਾਂ ਨੂੰ ਸੁਖੈਨ ਢੰਗ ਨਾਲ ਜੀਵਨ ਜਾਚ ਵਿੱਚ ਢਾਲਿਆ ਜਾ ਸਕੇ।

## ਮਿਸ਼ਨ ਵੱਲੋਂ ਕੀਤੇ ਜਾ ਰਹੇ ਉਪਰਾਲੇ :-

- ਗੁਰਬਾਣੀ ਦੀ ਕਥਾ ਨੂੰ ਸੰਗਤ ਤੱਕ ਪਹੁੰਚਾਣ ਲਈ ਵੀਡੀਓ ਅਤੇ ਆਡੀਓ ਰਿਕਾਰਡਿੰਗ ਕਰਨਾ।
- ਸੈਟੇਲਾਈਟ ਚੈਨਲਾਂ ਅਤੇ ਇੰਟਰਨੈਟ ਰਾਹੀਂ ਵੀਡੀਓ ਅਤੇ ਆਡੀਓ ਨੂੰ ਸਾਰੇ ਸੰਸਾਰ ਵਿੱਚ ਸੰਗਤ ਤੱਕ ਪਹੁੰਚਾਉਣ ਲਈ ਉਪਰਾਲਾ।
- ਪੁਸਤਕਾਂ ਦੀ ਲਿਖਾਈ, ਮੈਗਜੀਨ ਵਿਚ ਲੇਖ
- ਕਥਾ ਦੀ ਰਿਕਾਡਿੰਗ DVD, VCD, CD ਅਤੇ MPs ਦੇ ਰੂਪ ਵਿੱਚ ਸੰਗਤਾਂ ਤੱਕ ਪਹੁੰਚਾਉਣਾ।
- **24 Hours online Internet Radio**
- **Download Tune in radio Play Store or App Store /Radio Paigam-e-Shabad Guru.**
- Online You Tube Channel
- www.blog.mpesg.org
- ਗੁਰਮਤਿ ਦੇ ਵਿਸ਼ਿਆਂ ਉੱਤੇ ਸੈਮੀਨਾਰਾਂ ਦਾ ਆਯੋਜਨ ਕਰਨਾ।

**ਗਿਆਨੀ ਕੁਲਵੰਤ ਸਿੰਘ ਜੀ ਇਸ ਦੇ ਮੋਢੀ ਸੰਸਥਾਪਕ ਹਨ।**

## FUTURE PROJECTS

- **ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ**
- **ਸੰਪੂਰਨ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਦੀ ਇਤਿਹਾਸਿਕ ਕਥਾ**
- **ਭਾਈ ਗੁਰਦਾਸ ਜੀ ਅਤੇ ਹੋਰ ਪ੍ਰਮਾਣਿਕ ਬਾਣੀਆਂ ਦੀ ਕਥਾ**

**ਇਹਨਾਂ ਸਾਰਿਆਂ ਨੂੰ High Quality ਵਿਚ ਰਿਕਾਰਡ ਕਰਕੇ ਸੰਗਤਾਂ ਤੱਕ ਪਹੁੰਚਾਉਣਾ ਤਾਂ ਕਿ ਆਉਣ ਵਾਲੀਆਂ ਪੀੜੀਆਂ ਇਸ ਦਾ ਲਾਭ ਉਠਾ ਸਕਣ ।**

**ਇਹਨਾਂ ਸਾਰੇ ਕਾਰਜਾਂ ਲਈ ਆਪ ਜੀ ਦਾ ਸਹਿਯੋਗ ਅਤਿ ਲੋੜੀਂਦਾ ਹੈ। ਸੇਵਾ ਵਿੱਚ ਹਿੱਸਾ ਪਾਉਣ ਲਈ ਸੰਪਰਕ ਕਰੋ ।**

**ਹੋਰ ਜਾਣਕਾਰੀ ਲਈ LOG ON ਕਰੋ**


www.mpesg.org., www.gianikulwantsingh.com
E-mail : info@gianikulwantsingh.com
**Contact : +91-98155-78122, 98763-19000**
US Canada Contact : +1-916-717-1438
U.K. Contact : + 44 7405 854757


info@printmasterindia.com, 0161-2613334

# ਗੁਰੂ ਕੇ ਲਾਲ



ਮਿਸ਼ਨ ਪੈਗ਼ਾਮ - ਏ - ਸ਼ਬਦ ਗੁਰੂ (ਰਜਿ.)
ਲੁਧਿਆਣਾ।

www.gianikulwantsingh.com

# ਗੁਰੂ ਕੇ ਲਾਲ

ਬਾਬੇ ਕਿਆਂ ਦੀ ਤੇ ਬਾਬਰ ਕਿਆਂ ਦੀ ਸ਼ੁਰੂ ਤੋਂ ਬਣੀ ਨਹੀਂ। ਬਾਬਰ ਕੇ ਬਾਹਵਾਂ ਦੇ ਜ਼ੋਰ ਨਾਲ ਝੂਠ ਦਾ ਪਸਾਰਾ ਕਰਦੇ ਰਹੇ ਪਰ ਬਾਬੇ ਕਿਆਂ ਦੀ ਟੇਕ ਇਕ ਰੱਬ ਤੇ ਸੀ। ਉਹ ਦੁੱਖ-ਸੁੱਖ ਵਿਚ ਇਕ ਰੱਬ ਦੇ ਪਿਆਰ ਦਾ ਸੋਹਿਲਾ ਗਾਉਂਦੇ ਰਹੇ। ਜਿੱਥੇ ਉਹ ਨਿਰਵੈਰ ਸਨ ਉਥੇ ਬੇਪਰਵਾਹ ਵੀ ਸਨ। ਸੱਚ ਦਾ ਪ੍ਰਕਾਸ਼ ਹੋਇਆ, ਗੁਰੂ ਅਰਜਨ ਨੇ 1604 ਵਿਚ ਹਰਮੰਦਿਰ ਵਿਚ ਸੱਚ ਸ਼ਬਦ ਦਾ ਪ੍ਰਕਾਸ਼ ਕੀਤਾ। ਬਾਬਰ ਕਿਆਂ ਨੇ ਘਬਰਾ ਕੇ ਗੁਰੂ ਅਰਜਨ ਨੂੰ ਤੱਤੀ ਤਵੀ ਤੇ ਬਿਠਾਇਆ।

ਛੇਵੇਂ ਗੁਰੂ ਨੇ ਸਰਕਾਰੀ ਚੈਲੇਂਜ ਨੂੰ ਪਰਵਾਨ ਕਰਦਿਆਂ ਮੀਰੀ ਤੇ ਪੀਰੀ ਦਾ ਤਖਤ ਰਚਿਆ ਜੋ ਕਿ ਬੇਪਰਵਾਹੀ ਤੇ ਚੜ੍ਹਦੀ ਕਲਾ ਦਾ ਸਬੂਤ ਸੀ। ਨੌਵੇਂ ਗੁਰੂ ਅਨੰਦਪੁਰ ਵਿਚ ਸਨ, ਉਹਨਾਂ ਦਾ ਉਪਦੇਸ਼ ਸੀ ਨਾ ਕਿਸੇ ਨੂੰ ਡਰਾਉਣਾ ਹੈ ਨ ਹੀ ਕਿਸੇ ਤੋਂ ਡਰਨਾ ਹੈ। ਔਰੰਗਜ਼ੇਬ ਦੇ ਸਤਾਏ ਬ੍ਰਾਹਮਣ ਗੁਰੂ ਦੀ ਸ਼ਰਣ ਆਏ। ਨੌਵੇਂ ਗੁਰੂ ਦੇ ਪੁੱਤਰ ਸ਼੍ਰੀ ਗੋਬਿੰਦ ਰਾਏ ਜੀ ਓਦੋਂ 9 ਸਾਲ ਦੇ ਸਨ। ਉਨ੍ਹਾਂ ਨੇ ਅਪਣੇ ਪਿਤਾ ਗੁਰੂ ਜੀ ਨੂੰ ਹਿੰਦੂਆਂ ਦੇ ਤਿਲਕ ਤੇ ਜੰਞੂ ਦੀ ਰਾਖੀ ਵਾਸਤੇ ਕੁਰਬਾਨੀ ਵਾਸਤੇ ਬੇਨਤੀ ਕੀਤੀ। ਇਹ ਸ਼ਹਾਦਤ ਅਜੀਬ ਸੀ ਕਿਉਂਕਿ ਸ਼ਹੀਦ ਨੇ ਆਪਣੀ ਖੁਸ਼ੀ ਨਾਲ ਇਸ ਸ਼ਹੀਦੀ ਨੂੰ ਪਰਵਾਨਿਆ ਸੀ ਨਾ ਕਿ ਮਜ਼ਬੂਰੀ ਵਸ। ਅਨੋਖੇ ਸ਼ਹੀਦ ਸਨ ਗੁਰੂ ਤੇਗ ਬਹਾਦਰ ਸਾਹਿਬ ਜਿਨਾਂ ਦਾ ਧੜ ਦਿੱਲੀ ਵਿਚ ਤੇ ਸੀਸ ਅਨੰਦਪੁਰ ਸਾਹਿਬ ਵਿਚ ਸਸਕਾਰਿਆ ਗਿਆ।

ਦਸ਼ਮੇਸ਼ ਗੁਰੂ ਨੇ ਜਾਲਮਾਂ ਨੂੰ ਸਬਕ ਸਿਖਾਉਣ ਲਈ ਇਰਾਦਾ ਕਰ ਲਿਆ। ਪਰ ਇਸ ਲੜਾਈ ਵਿਚ ਗੁਰੂ ਜੀ ਨੇ ਜਿਨ੍ਹਾਂ ਵਾਸਤੇ ਸ਼ਹਾਦਤ ਦਿਤੀ ਸੀ ਉਹ ਖੁਦਗਰਜ਼ ਪਹਾੜੀ ਰਾਜੇ ਵੀ ਔਰੰਗਜ਼ੇਬ ਨਾਲ ਜਾ ਮਿਲੇ। ਗੁਰੂ ਜੀ ਨੇ ਖਾਲਸਾ ਸਾਜਿਆ ਸੀ ਅਤੇ ਸਿਖਾਂ ਦੇ ਅੰਦਰ ਸੁੱਤੇ ਹੋਏ ਸ਼ੇਰ ਨੂੰ ਜਗਾ ਦਿੱਤਾ ਸੀ। ਉਹ ਪਦਾਰਥਾਂ ਦੇ ਮੋਹ ਤੋਂ ਉੱਚੇ ਉਠ ਗਏ ਸਨ। ਸਿਮਰਨ ਉਨਾਂ ਦੀ ਖੁਰਾਕ ਸੀ ਤੇ ਸ਼ਹੀਦੀ ਉਨਾਂ ਦੀ ਖੁਸ਼ੀ। ਉਹ ਸਰੀਰ ਦੇ ਅੰਤ ਨੂੰ ਜਿੰਦਗੀ ਸਮਝਦੇ ਸਨ।

**ਗੁਰੂ ਨੇ ਅਪਣੇ ਸ਼ਬਦ ਦੁਆਰਾ ਉਨਾਂ ਦੇ ਮਨ ਵਿਚੋਂ ਚਿੰਤਾ, ਝੋਰਾ, ਕਮਜ਼ੋਰੀ, ਲੰਘੇ ਤੇ ਭਵਿੱਖ ਦੀਆਂ ਚਿੰਤਾਵਾਂ ਖਤਮ ਕਰ ਦਿਤੀਆਂ ਸਨ।** ਇਕ ਲੰਮੀ ਲੜਾਈ ਚੱਲੀ, ਤਕਰੀਬਨ ਅਠ ਮਹੀਨੇ। ਗੁਰੂ ਜੀ ਅਤੇ ਉਨਾਂ ਦੇ ਸਿਖ ਅਤੇ ਪਰਿਵਾਰ ਕਿਲੇ ਵਿਚ ਸਨ। ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਮਿਲਵੀ ਫੌਜ਼ ਉਨਾਂ ਨੂੰ ਜਿੱਤਣ ਵਿਚ ਅੱਸਮਰਥ ਸੀ। ਅਖੀਰ ਇਕ ਦਿਨ ਗਊ ਵਾਲਿਆਂ ਨੇ ਆਟੇ ਦੀ ਗਊ ਬਣਾਈ, ਸਿਰ ਤੇ ਰੱਖੀ ਅਤੇ ਕੁਰਾਨ ਵਾਲਿਆਂ ਨੇ ਕੁਰਾਨ, ਚਿੱਟਾ ਝੰਡਾ ਲੈ ਕੇ ਦੋਵੇਂ ਕਿਲੇ ਵਿਚ ਜਾ ਵੜੇ। ਗਊ ਤੇ ਕੁਰਾਨ ਦੀ ਸੌਂਹ ਖਾਧੀ, ਗੁਰੂ ਜੀ ਨੂੰ ਭਰੋਸਾ ਦਿੱਤਾ ਕਿ ਜੇ ਕਿਲਾ ਛੱਡ ਦਿਓ ਤਾਂ ਅਸੀਂ ਕੁਝ ਨਹੀਂ ਕਵਾਂਗੇ। ਗੁਰੂ ਜੀ ਨੇ ਵੇਖਾਂਗੇ ਕਹਿ ਕੇ, ਉਨਾਂ ਨੂੰ ਵਾਪਸ ਕਰ ਦਿੱਤਾ।

ਛੇ ਤੇ ਸਤ ਪੋਹ ਦੀ ਵਿਚਲੀ ਰਾਤ ਸੀ, ਹਵਾ ਠੰਢੀ ਸੀ, ਕਿਲੇ ਵਿਚ ਖਾਮੋਸ਼ੀ ਸੀ। ਗੁਰੂ ਦਸ਼ਮੇਸ਼ ਨੇ ਸਾਰੇ ਸਿੱਖਾਂ ਨੂੰ ਬੁਲਾਇਆ ਸੀ ਅਤੇ ਕਿਹਾ ਅੱਜ ਦੀ ਰਾਤ ਕਿਲਾ ਛੱਡ ਦੇਣਾ ਹੈ। ਉਸ ਠੰਢੀ ਰਾਤ ਵਿਚ ਮੁਗਲ ਫੌਜ਼ ਸੁੱਤੀ ਪਈ ਸੀ। ਅੱਧੀ ਰਾਤ ਨੂੰ ਕਿਲੇ ਦਾ ਦਰਵਾਜ਼ਾ ਖੁਲਿਆ, ਸਾਰੇ ਸਿੱਖ ਵੀ ਤਿਆਰ ਸਨ, ਮਾਤਾਵਾਂ ਵੀ ਤੇ ਚਾਰੇ ਲਾਲ ਵੀ। ਗੁਰੂ ਦਸ਼ਮੇਸ਼ ਨੇ ਅਪਣੇ ਘੋੜੇ ਨੂੰ ਥਾਪੀ ਦਿਤੀ, ਪਲ ਵਿਚ ਸਵਾਰ ਹੋਏ ਤੇ ਕਿਲੇ ਤੋਂ ਬਾਹਰ ਨਿਕਲ ਆਏ। ਇਹ ਕੋਈ ਹਜ਼ਾਰ-12 ਸੌਂ ਦਾ ਕਾਫਲਾ ਸੀ ਜੋ ਸਰਸਾ ਵੱਲ ਜਾ ਰਿਹਾ ਸੀ। ਇਸ ਸੰਘਣੇ ਹਨੇਰੇ ਵਿਚ ਵੀ ਗੁਰੂ ਜੀ ਦਾ ਚਿਹਰਾ ਚਮਕਦਾ ਸੀ। ਸਿਖ ਅਪਣੇ ਪਿਆਰੇ ਗੁਰੂ ਦੇ ਇਕ ਹੁਕਮ ਤੇ ਆਪਣੇ ਸਰੀਰ ਦੀ ਕੁਰਬਾਨੀ ਕਰਨ ਲਈ ਤਿਆਰ ਬਰ ਤਿਆਰ ਸਨ। ਵੱਡੇ ਸਹਿਬਜ਼ਾਦੇ ਦਸ਼ਮੇਸ਼ ਗੁਰੂ ਜੀ ਦੇ ਨਾਲ ਸਨ ਅਤੇ ਛੋਟੇ ਲਾਲ ਦਾਦੀ ਮਾਤਾ ਗੁਜ਼ਰ ਕੌਰ ਨਾਲ। ਸਰਸਾ ਤੇ ਆਏ, ਦਸ਼ਮੇਸ਼ ਗੁਰੂ ਨੇ ਦੀਵਾਨ ਸਜਾਇਆ। ਦੁਸ਼ਮਣ ਦੀਆਂ ਫੌਜ਼ਾਂ ਨੇ ਹਮਲਾ ਕਰ ਦਿੱਤਾ। **ਏਧਰ ਕੀਰਤਨ ਤੇ ਓਧਰ ਜੰਗ, ਦੁਨਿਆ ਦਾ ਅਨੋਖਾ ਜੋਗੀ ਸੀ, ਜਿਸ ਨੇ ਤਲਵਾਰਾਂ ਦੀ ਖੜਕਾ-ਖੜਕਾਈ ਵਿਚ ਵੀ ਅਪਣੀ ਸੁਰਤਿ ਰੱਬ ਨਾਲ ਜੋੜੀ ਰੱਖੀ।** ਸਰਸਾ ਤੋਂ ਪਾਰ ਹੁੰਦਿਆਂ ਤਕ ਆਪ ਗੁਰੂ ਦਸ਼ਮੇਸ਼ ਦੋ ਵੱਡੇ ਲਾਲ ਅਤੇ ਚਾਲੀ ਸਿਖ ਹੀ ਨਾਲ ਸਨ, ਬਾਕੀ ਦੇ ਸ਼ਹੀਦ ਹੋ ਗਏ ਸਨ। ਛੋਟੇ ਸਹਿਬਜ਼ਾਦੇ ਤੇ ਮਾਤਾ ਜੀ ਗੰਗੂ ਬ੍ਰਾਹਮਣ ਦੇ ਨਾਲ ਦੂਜੇ ਪਾਸੇ ਵਲ ਚਲੇ ਗਏ। ਸਿਖਾਂ ਨੇ ਇਸ ਹਨੇਰੇ ਵਿਚ ਛੋਟੇ ਲਾਲਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ, ਜਦੋਂ ਨਾ ਮਿਲੇ ਤਾਂ ਗੁਰੂ ਦਸ਼ਮੇਸ਼ ਨੇ ਕਿਹਾ :-

– ਬੋਲੇ ਜਾਂ ਨਿਸਾਰੋਂ ਸੇ ਕਿਉਂ ਹੋਤੇ ਹੋ ਨਿਢਾਲ, ਦਾਦੀ ਕੇ ਸਾਥ ਚਲ ਦੀਏ ਕੁਰਬਾਨ ਹੋਨੇ ਲਾਲ –

ਅਗਲੀ ਸਵੇਰ ਗੁਰੂ ਜੀ ਚਮਕੌਰ ਦੀ ਗੜ੍ਹੀ ਵਿਚ ਸਨ। ਗਿਣਤੀ ਦੇ 40 ਸਿੱਖ ਉਹ ਵੀ ਭੁਖੇ ਭਾਣੇ ਤੇ ਦਸ ਲੱਖ ਫੌਜ਼ ਨੇ ਹਮਲਾ ਕਰ ਦਿਤਾ। ਗਹਿ-ਗੱਚ ਲੜਾਈ ਹੋਈ, ਸਵਾ ਲੱਖ ਨਾਲ ਇਕ ਲੜਿਆ, ਗੁਰੂ ਜੀ ਚੜ੍ਹਦੀ ਕਲਾ ਵਿਚ ਸਨ। ਰਾਤ ਸਿਖਾਂ ਨੇ ਬੇਨਤੀ ਕੀਤੀ ਕਿਰਪਾ ਕਰਕੇ ਆਪ ਗੜ੍ਹੀ ਛੱਡ ਕੇ ਚਲੇ ਜਾਓ। ਦਸ਼ਮੇਸ਼ ਚਹੁੰਦੇ ਨਹੀਂ ਸੀ ਪਰ ਫੇਰ ਵੀ ਸਿਖਾਂ ਦੇ ਪਿਆਰ ਵਿਚ ਗੜ੍ਹੀ ਚੋਂ ਜਾਣ ਦਾ ਫੈਸਲਾ ਕਰ ਲਿਆ। ਤਿੰਨ ਸਿੱਖ ਵੀ ਨਾਲ ਤਿਆਰ ਹੋਏ। ਗੁਰੂ ਨੇ ਕਮਾਲ ਕਰ ਦਿਤੀ ਸੀ ਅਪਣੇ ਦੋਵੇਂ ਲਾਲ ਅਪਣੀਆਂ ਅੱਖਾਂ ਦੇ ਸਾਹਮਣੇ ਮੈਦਾਨ ਵਿਚ ਸ਼ਹੀਦ ਕਰਾ ਦਿਤੇ ਸਨ। ਗੜ੍ਹੀ ਚੋਂ ਨਿਕਲਦਿਆਂ ਹੀ ਦਸ਼ਮੇਸ਼ ਗੁਰੂ ਨੇ ਤਾੜੀ ਮਾਰੀ, ਰੌਲਾ ਪੈ ਗਿਆ। ਇਸ ਭੱਜ-ਨੱਠ ਵਿਚ ਤਿੰਨੇ ਸਿੱਖ ਵੀ ਗੁਰੂ ਤੋਂ ਵਖਰੇ ਹੋ ਗਏ। ਚਮਕੌਰ ਤੋਂ ਮਾਛੀਵਾੜੇ ਦਾ ਸਫਰ ਗੁਰੂ ਦਸ਼ਮੇਸ਼ ਲਈ ਨਵਾਂ ਸੀ ਕਿਉਂਕਿ ਉਨਾਂ ਦੇ ਪੈਰਾਂ ਵਿਚ ਜੋੜਾ ਵੀ ਨਹੀਂ ਸੀ ਅਤੇ ਇੱਕਲੇ ਵੀ ਸਨ। ਇਹ ਰਾਤ ਉਹਨਾਂ ਨੇ ਇੱਕਲਿਆਂ ਸਫਰ ਕੀਤਾ। ਮਾਛੀਵਾੜੇ ਵਿਚ ਇਕ ਖੂਹ ਨੂੰ ਗੇੜ ਕੇ ਪਾਣੀ ਪੀਤਾ ਅਤੇ ਗੁਲਾਬੇ ਦੇ ਬਾਗ਼ ਵਿਚ ਸਰਾਹਣੇ ਟਿੰਡ ਰੱਖ ਕੇ ਸੌਂ ਗਏ। ਅਗਲੀ ਸਵੇਰ ਦਾ ਕੀਰਤਨ ਮਾਛੀਵਾੜੇ ਵਿਚ ਬਿਨਾਂ ਸਾਜ਼ਾਂ ਨਾਲ ਗਾਇਆ ਗਿਆ ਅਤੇ ਲੰਮੀ ਅਵਾਜ਼ ਵਿਚ ਮਿੱਤਰ ਪਿਆਰੇ ਨੂੰ ਆਪਣੀ ਜ਼ਿੰਦਗੀ ਦਾ ਹਾਲ ਦੱਸਿਆ ਗਿਆ ਕਿ ਯਾਰ ਦਾ ਸੱਥਰ ਸਾਨੂੰ ਚੰਗਾ ਹੈ ਗੁਲਾਮੀ ਦੇ ਖੇੜਿਆਂ ਨਾਲੋਂ। ਗੁਲਾਬੇ ਦੇ ਘਰ ਵਿਚ 72 ਘੰਟੇ ਬਾਅਦ ਕਮਰ-ਕੱਸਾ ਖੋਲਿਆ, ਉੱਚ ਦੇ ਪੀਰ ਬਣੇ। ਗਨੀ ਖਾਂ ਤੇ ਨਬੀਂ ਖਾਂ ਨੇ ਗੁਰੂ ਦੇ ਪਿਆਰ ਵਿਚ ਕੁਰਬਾਨੀ ਦੀ ਹੱਦ ਕਰ ਦਿੱਤੀ।

ਛੋਟੇ ਲਾਲ ਤੇ ਮਾਤਾ ਜੀ ਸਰਹਿੰਦ ਦੇ ਠੰਢੇ ਬੁਰਜ਼ ਵਿਚ ਸਨ। ਛੋਟੇ ਲਾਲਾਂ ਦੀ ਉਮਰ 9 ਤੇ 7 ਸਾਲ ਸੀ। ਬਾਬਾ ਫਤਿਹ ਸਿੰਘ ਮਾਤਾ ਭਾਨੀ ਦੇ ਪਰਿਵਾਰ ਦਾ ਇਕ ਨੰਨ੍ਹਾ ਸ਼ਹੀਦ-ਨੰਨ੍ਹਾ ਤੇ ਸਭ ਤੋਂ ਛੋਟਾ ਤੇ ਅਖੀਰਲਾ ਸ਼ਹੀਦ ਸੀ। ਗੁਰੂ ਦਸ਼ਮੇਸ਼ ਨੂੰ ਅਪਣੇ ਪਰਿਵਾਰ ਨੂੰ ਬਚਾਉਣ ਦਾ ਕੋਈ ਫਿਕਰ ਨਹੀਂ ਸੀ। ਲਾਲ ਉਮਰ ਵਿਚ ਛੋਟੇ ਸਨ ਪਰ ਇਰਾਦਾ ਪਹਾੜ ਜਿੰਨਾ ਸੀ। ਲਾਲ ਡੋਲੇ ਨ ਸ਼ਹਾਦਤ ਦਾ ਜ਼ਾਮ ਪੀਤਾ, ਮਾਤਾ ਜੀ ਵੀ ਸ਼ਹੀਦ ਹੋਏ। ਬਾਬੇ ਮੋਤੀ ਰਾਮ ਦੀ ਵੀ ਬਹੁਤ ਵੱਡੀ ਕੁਰਬਾਨੀ ਸੀ। ਦੀਵਾਨ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਸਸਕਾਰ ਕੀਤਾ। ਇਸ ਕੁਰਬਾਨੀ ਨੇ ਜਿਥੇ ਮੁਗਲ ਸਲਤਨਤ ਦੀ ਜੜ੍ਹ ਪੁਟ ਦਿੱਤੀ ਓਥੇ ਸਹਿਬਜ਼ਾਦਿਆਂ ਦੀ ਸ਼ਹਾਦਤ ਦੀ ਸ਼ਕਤੀ ਅੱਜ ਵੀ ਗੁਰਸਿਖਾਂ ਦੇ ਜੀਵਨ ਵਿਚ ਜਿਊਂਦੀ ਹੈ।

**ਆਓ ਬਾਣੀ ਤੇ ਬਾਣੇ ਦੇ ਧਾਰਨੀ ਹੋਕੇ ਗੁਰਸਿਖ ਹੋਕੇ ਜੀਵੀਏ। ਕੇਸ ਕਟਾਉਣੇ, ਨਸ਼ਾ ਪੀਣਾ, ਭਰੂਣ ਹੱਤਿਆ, ਤੇ ਦਾਜ ਮੰਗਣਾ, ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਥਾਵਾਂ ਨੂੰ ਪੂਜਣਾ, ਇਨ੍ਹਾਂ ਕੁਰੀਤੀਆਂ ਨੂੰ ਤਿਆਗ ਕੇ ਗੁਰੂ ਗ੍ਰੰਥ ਸਾਹਿਬ-ਦਸਾਂ ਪਾਤਿਸ਼ਾਹੀਆਂ ਦੇ ਲੜ੍ਹ ਲਗੀਏ। ਲਾਲਾਂ ਦੀ ਸ਼ਹਾਦਤ ਨੂੰ ਇਹੀ ਨਮਸਕਾਰ ਹੋਵੇਗੀ।**